# ਐਕਸਟ੍ਰਾਕੇਅਰ

## ਵਾਧੂ ਲੋੜਾਂ ਵਾਲੇ ਗਾਹਕਾਂ ਲਈ ਮੁਫ਼ਤ ਸੇਵਾਵਾਂ ਦੀ ਸਾਡੀ ਸ਼੍ਰੇਣੀ



United Utilities

# ਤੁਹਾਡੇ ਲਈ ਦਿਨ ਵਿਚ 24 ਘੰਟੇ ਕੰਮ ਕਰਦੇ ਹਾਂ, ਹਰ ਰੋਜ਼।

**ਯੂਨਾਈਟਿਡ ਯੂਟੀਲਿਟਿਜ਼ ਰੋਜ਼ ਸੱਤਰ ਲੱਖ ਲੋਕਾਂ ਨੂੰ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ ਦਿੰਦਾ ਹੈ। ਕਾਰਲਿਸਲ ਤੋਂ ਕ੍ਰਿਊ, ਮੋਰਕੈਂਬੇ ਤੋਂ ਮੈਕਲਸਫ਼ੀਲਡ, ਅਸੀਂ ਦੁਨੀਆ ਵਿਚ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ ਵਿਚਲੇ ਸਭ ਤੋਂ ਵੱਡੇ ਸਿਸਟਮਾਂ ਵਿਚੋਂ ਇਕ ਨੂੰ ਚਲਾਉਂਦੇ ਹਾਂ।**

ਅਸੀਂ ਗਾਹਕਾਂ ਦੀਆਂ ਟੂਟੀਆਂ ਵਿਚ ਚੌਵੀ ਘੰਟੇ ਪਾਣੀ ਉਪਲਬਧ ਕਰਾਉਂਦੇ ਹਾਂ – ਸੁਰੱਖਿਅਤ, ਗੁਣਕਾਰੀ ਅਤੇ ਜ਼ਰੂਰੀ। ਅਸੀਂ ਤੁਹਾਡੇ ਗੰਦੇ ਪਾਣੀ ਨੂੰ ਵੀ ਲਿਜਾਂਦੇ ਹਾਂ ਅਤੇ ਠੀਕ ਕਰਦੇ ਹਾਂ – ਚੌਗਿਰਦੇ ਵਿਚ ਇਸ ਨੂੰ ਵਾਪਸ ਸੁਰੱਖਿਅਤ ਮੋੜਣ ਤੋਂ ਪਹਿਲਾਂ ਇਸਨੂੰ ਸਾਫ਼ ਕਰਦੇ ਹਾਂ।

# ਕੀ ਅਸੀਂ ਤੁਹਾਨੂੰ ਐਕਸਟ੍ਰਾਕੇਅਰ ਦੀ ਪੇਸ਼ਕਸ਼ ਕਰ ਸਕਦੇ ਹਾਂ?

**ਐਕਸਟ੍ਰਾਕੇਅਰ ਨਾਂ ਹੈ, ਸਾਡੇ ਵਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਸੇਵਾਵਾਂ ਦੀ ਇੱਕ ਸ਼੍ਰੇਣੀ ਦਾ, ਜੋ ਅਸੀਂ ਵਾਧੂ ਲੋੜਾਂ ਲਈ ਪਾਣੀ ਦੀ ਵਰਤੋਂ ਕਰਨ ਵਾਲੇ ਆਪਣੇ ਗਾਹਕਾਂ ਨੂੰ ਦਿੰਦੇ ਹਾਂ। ਸਾਡੀਆਂ ਸੇਵਾਵਾਂ ਵਿਚ ਸ਼ਾਮਿਲ ਹਨ:**

- ਪਾਸਵਰਡ ਸਕੀਮ (ਸਫ਼ਾ 6 ਵੇਖੋ)
- ਪਾਣੀ ਬੰਦ ਕਰਨ ਬਾਰੇ ਨਿਜੀ ਤੌਰ ‘ਤੇ ਦੱਸਣਾ
- ਵੱਡੇ ਅੱਖਰ, ਬ੍ਰੇਲ ਅਤੇ ਟਾੱਕਿੰਗ ਬਿੱਲ

ਸਾਡੀਆਂ ਐਕਸਟ੍ਰਾਕੇਅਰ ਸੇਵਾਵਾਂ ਉਹਨਾਂ ਲੋਕਾਂ ਲਈ ਠੀਕ ਹਨ:

- ਜੋ ਬਜ਼ੁਰਗ ਹਨ
- ਜਿਹਨਾਂ ਨੂੰ ਅਪੰਗਤਾ ਹੈ
- ਜਿਹਨਾਂ ਨੂੰ ਗੰਭੀਰ ਬਿਮਾਰੀ ਹੈ
- ਜਿਹਨਾਂ ਨੂੰ ਵੇਖਣ, ਸੁਣਨ ਜਾਂ ਸਿੱਖਣ ਵਿਚ ਮੁਸ਼ਕਿਲਾਂ ਹਨ

ਇਸ ਪੁਸਤਿਕਾ ਵਿਚ ਮੁਫ਼ਤ ਸੇਵਾਵਾਂ ਦੀ ਸ਼੍ਰੇਣੀ ਬਾਰੇ ਦੱਸਿਆ ਗਿਆ ਹੈ, ਜੋ ਸਾਡੇ ਐਕਸਟ੍ਰਾਕੇਅਰ ਗਾਹਕਾਂ ਨੂੰ ਦਿੱਤੀਆਂ ਜਾਂਦੀਆਂ ਹਨ। ਜੇ ਤੁਹਾਡੇ ਕੋਈ ਵਿਸ਼ੇਸ਼ ਸੁਆਲ ਹਨ, ਤਾਂ ਕਿਰਪਾ ਕਰਕੇ ਸਾਨੂੰ **0845 746 1100** ‘ਤੇ ਕਾੱਲ ਕਰੋ।

ਇਹ ਪੁਸਤਿਕਾ ਹੋਰਨਾਂ ਭਾਸ਼ਾਵਾਂ ਵਿਚ ਵੀ ਉਪਲਬਧ ਹੈ। ਪੂਰੇ ਵੇਰਵਿਆਂ ਲਈ ਕਿਰਪਾ ਕਰਕੇ ਇਸ ਪੁਸਤਿਕਾ ਦਾ ਪਿਛਲਾ ਪਾਸਾ ਵੇਖੋ।

# ਮੈਂ ਐਕਸਟ੍ਰਾਕੇਅਰ ਲਈ ਕਿਵੇਂ ਰਜਿਸਟਰ ਕਰਾਵਾਂ?

ਐਕਸਟ੍ਰਾਕੇਅਰ ਲਈ ਰਜਿਸਟ੍ਰੇਸ਼ਨ ਕਰਾਉਣਾ ਬਹੁਤ ਅਸਾਨ ਹੈ।

ਤੁਸੀਂ ਸਾਨੂੰ **0845 746 1100** ‘ਤੇ ਕਾੱਲ ਕਰ ਸਕਦੇ ਹੋ।

ਜਾਂ **unitedutilities.com/extracare** ‘ਤੇ ਆੱਨਲਾਈਨ ਰਜਿਸਟਰ ਕਰੋ

ਇਸ ਤੋਂ ਅਲਾਵਾ ਕਿਰਪਾ ਕਰਕੇ ਇਸ ਪੁਸਤਿਕਾ ਦੇ ਨਾਲ ਨੱਥੀ ਐਕਸਟ੍ਰਾਕੇਅਰ ਫ਼ਾਰਮ ਭਰੋ ਅਤੇ ਇਹ ਸਾਨੂੰ ਵਾਪਸ ਭੇਜੋ।

ਕਿਰਪਾ ਕਰਕੇ ਜਿੰਨੀ ਜ਼ਿਆਦਾ ਤੋਂ ਜ਼ਿਆਦਾ ਸੰਭਵ ਹੋ ਸਕੇ, ਸਾਨੂੰ ਜਾਣਕਾਰੀ ਦਿਓ, ਤਾਂਜੋ ਅਸੀਂ ਯਕੀਨੀ ਬਣਾਈਏ ਕਿ ਅਸੀਂ ਤੁਹਾਨੂੰ ਢੁਕਵੀਆਂ ਸੇਵਾਵਾਂ ਲਈ ਰਜਿਸਟਰ ਕਰੀਏ।



ਜੇ ਤੁਸੀਂ ਕਿਸੇ ਨੂੰ ਜਾਣਦੇ ਹੋ, ਜਿਸਨੂੰ ਸਾਡੀਆਂ ਐਕਸਟ੍ਰਾਕੇਅਰ ਸੇਵਾਵਾਂ ਦੀ ਲੋੜ ਹੈ, ਤਾਂ ਕਿਰਪਾ ਕਰਕੇ ਉਹਨਾਂ ਨੂੰ ਇਸ ਪੁਸਤਿਕਾ ਅਤੇ ਸਾਡੇ ਨਾਲ ਸੰਪਰਕ ਕਿਵੇਂ ਕਰੋ, ਬਾਰੇ ਦੱਸੋ।

ਤੁਸੀਂ ਇਸ ਪੁਸਤਿਕਾ ਲਈ ਬ੍ਰੇਲ, ਔਡੀਓ ਕੈਸੇਟ ਜਾਂ ਸੀਡੀ ਵਿਚ ਵੀ ਬੇਨਤੀ ਕਰ ਸਕਦੇ ਹੋ - ਔਰਡਰ ਕਰਨ ਲਈ, ਕਿਰਪਾ ਕਰਕੇ ਸਾਨੂੰ **0845 746 1100** 'ਤੇ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰੋ ਜਾਂ ਸਾਨੂੰ ਇਸ ਪਤੇ 'ਤੇ ਲਿਖੋ United Utilities, PO Box 459, Great Sankey, Warrington WA55 1WB.

## ਯਾਦ ਰਖੋ...

ਜੇ ਤੁਸੀਂ ਉਤਰ ਪੱਛਮੀ ਇਲਾਕੇ ਤੋਂ ਬਾਹਰ ਜਾਂਦੇ ਹੋ, ਤਾਂ ਤੁਹਾਨੂੰ ਉਹਨਾਂ ਦੀਆਂ ਵਿਸ਼ੇਸ਼ ਸਹਾਇਤਾ ਸਕੀਮਾਂ ਲਈ ਰਜਿਸਟਰ ਹੋਣ ਵਾਸਤੇ ਪਾਣੀ ਦੇ ਆਪਣੇ ਨਵੇਂ ਸਪਲਾਇਰ ਨਾਲ ਸੰਪਰਕ ਕਰਨ ਦੀ ਲੋੜ ਪਏਗੀ।

## ਨਾਲ ਹੀ...

ਉਹਨਾਂ ਦੇ **ਤਰਜੀਹੀ ਸੇਵਾ ਰਜਿਸਟਰਾਂ** ਲਈ ਰਜਿਸਟਰ ਹੋਣ ਵਾਸਤੇ ਗੈਸ ਅਤੇ ਬਿਜਲੀ ਦੇ ਆਪਣੇ ਸਪਲਾਇਰਾਂ ਨਾਲ ਸੰਪਰਕ ਕਰਨਾ ਨਾ ਭੁੱਲੋ (ਕਾੱਲ ਕਰਨ ਲਈ ਸਹੀ ਟੈਲੀਫ਼ੋਨ ਨੰਬਰਾਂ ਵਾਸਤੇ ਕਿਰਪਾ ਕਰਕੇ ਆਪਣੇ ਹਾਲੀਆ ਸੇਵਾ ਬਿੱਲ ਵੇਖੋ)। ਡਾਟਾ ਅੰਕੜਾ ਨੇਮ, ਤੁਹਾਡੀ ਤਰਫ਼ੋਂ ਹੋਰਨਾਂ ਕੰਪਨੀਆਂ ਨੂੰ ਤੁਹਾਡੇ ਵੇਰਵੇ ਦੇਣ ਤੋਂ ਸਾਨੂੰ ਰੋਕਦੇ ਹਨ।

## ਕਿਰਪਾ ਕਰਕੇ ਧਿਆਨ ਦਿਓ:

ਜੇ ਤੁਸੀਂ ਅਜਿਹੇ ਇਲਾਕੇ ਵਿਚ ਰਹਿੰਦੇ ਹੋ, ਜਿਥੇ ਪਾਣੀ ਅਤੇ ਗੰਦੇ ਪਾਣੀ ਦੀ ਨਿਕਾਸੀ ਸਬੰਧੀ ਸੇਵਾਵਾਂ ਹੋਰਨਾਂ ਕੰਪਨੀਆਂ ਤੋਂ ਮਿਲਦੀਆਂ ਹਨ, ਤਾਂ ਕਿਰਪਾ ਕਰਕੇ ਉਹਨਾਂ ਦੀਆਂ ਵਿਸ਼ੇਸ਼ ਸਹਾਇਤਾ ਸਕੀਮਾਂ ਲਈ ਦੋਹਾਂ ਕੰਪਨੀਆਂ ਨਾਲ ਰਜਿਸਟਰ ਕਰਾਉਣਾ ਯਾਦ ਰਖੋ।

# ਐਕਸਟ੍ਰਾਕੇਅਰ... ਜਦੋਂ ਅਸੀਂ ਤੁਹਾਡੇ ਕੋਲ ਆਉਂਦੇ ਹਾਂ



## ਸਾਡੀ ਪਾਸਵਰਡ ਸਕੀਮ ਮਿਲਣ ਆਏ ਗ਼ਲਤ ਲੋਕਾਂ ਤੋਂ ਤੁਹਾਡੀ ਰਾਖੀ ਕਰਨ ਵਿਚ ਮਦਦ ਕਰ ਸਕਦੀ ਹੈ।

ਜਦੋਂ ਸਾਨੂੰ ਤੁਹਾਡੇ ਘਰ ਆਉਣ ਦੀ ਲੋੜ ਪੈਂਦੀ ਹੈ, ਤਾਂ ਅਸੀਂ ਤੁਹਾਨੂੰ ਭਰੋਸਾ ਦੁਆਉਣਾ ਚਾਹੁੰਦੇ ਹਾਂ ਕਿ ਤੁਹਾਡੇ ਘਰ ਦੇ ਬੂਹੇ ‘ਤੇ ਆਇਆ ਵਿਅਕਤੀ ਯੂਨਾਇਟਿਡ ਯੂਟੀਲਿਟੀਜ਼ ਤੋਂ ਆਇਆ ਭਰੋਸੇਮੰਦ ਵਿਅਕਤੀ ਹੈ।

ਇਸ ਲਈ ਸਾਡੇ ਸਾਰੇ ਮੁਲਾਜ਼ਮ ਪਛਾਣ ਕਾਰਡ ਆਪਣੇ ਨਾਲ ਰਖਦੇ ਹਨ। ਕਾਰਡ ‘ਤੇ ਮੁਲਾਜ਼ਮ ਦੀ ਫ਼ੋਟੋ ਹੁੰਦੀ ਹੈ ਅਤੇ ਪੁੱਛੇ ਜਾਣ ‘ਤੇ ਤੁਹਾਨੂੰ ਇਹ ਕਾਰਡ ਵਿਖਾਕੇ ਸਾਨੂੰ ਹਮੇਸ਼ਾ ਖ਼ੁਸ਼ੀ ਹੋਏਗੀ।

ਪਛਾਣ ਕਾਰਡ ਵੇਖਣ ਤੋਂ ਬਾਅਦ ਵੀ, ਜੇ ਤੁਹਾਨੂੰ ਅਜੇ ਪੱਕਾ ਨਹੀਂ ਹੈ ਕਿ ਮਿਲਣ ਆਇਆ ਵਿਅਕਤੀ ਭਰੋਸੇਮੰਦ ਹੈ, ਤਾਂ ਫਿਰ ਕਿਰਪਾ ਕਰਕੇ ਸਾਨੂੰ **0845 746 2200** 'ਤੇ ਟੈਲੀਫ਼ੋਨ ਕਰੋ ਅਤੇ ਅਸੀਂ ਮਿਲਣ ਆਏ ਵਿਅਕਤੀ ਦੀ ਪਛਾਣ ਦੀ ਜਾਂਚ ਕਰਾਂਗੇ।

ਆਪਣੇ ਨੇਤਰਹੀਣ ਗਾਹਕਾਂ ਲਈ ਇਸ ਨੂੰ ਹੋਰ ਵੀ ਅਸਾਨ ਬਣਾਉਣ ਲਈ, ਕਾਰਡ ਦੇ ਪਿਛਲੇ ਪਾਸੇ ਬ੍ਰੇਲ ਵਿਚ ਸੰਪਰਕ ਨੰਬਰ ਹੁੰਦਾ ਹੈ।

## ਸਾਡੀ ਪਾਸਵਰਡ ਸਕੀਮ

ਮਨ ਦੇ ਜ਼ਿਆਦਾ ਸਕੂਨ ਵਾਸਤੇ ਸਾਡੀ ਪਾਸਵਰਡ ਸਕੀਮ ਹੈ। ਇਸ ਲਈ ਤੁਹਾਨੂੰ ਸਿਰਫ਼ ਆਪਣਾ ਪਾਸਵਰਡ, ਜੋ ਤੁਸੀਂ ਚਾਹੁੰਦੇ ਹੋ, ਸਾਨੂੰ ਦੱਸਣ ਦੀ ਲੋੜ ਹੈ, ਤਾਂਜੋ ਜਦੋਂ ਅਸੀਂ ਤੁਹਾਡੇ ਕੋਲ ਆਈਏ, ਤਾਂ ਇਸਦੀ ਵਰਤੋਂ ਕਰੀਏ। ਪਾਸਵਰਡ ਬਾਰੇ ਸਿਰਫ਼ ਤੁਹਾਨੂੰ ਅਤੇ ਸਾਨੂੰ ਹੀ ਪਤਾ ਹੋਏਗਾ।

ਜਦੋਂ ਵੀ ਸਾਡਾ ਕੋਈ ਮੁਲਾਜ਼ਮ ਤੁਹਾਡੇ ਕੋਲ ਆਵੇ, ਤੁਸੀਂ ਉਸਨੂੰ ਅੰਦਰ ਆਉਣ ਦੇਣ ਤੋਂ ਪਹਿਲਾਂ, ਉਸਨੂੰ ਪਾਸਵਰਡ ਦੱਸਣ ਲਈ ਕਹੋ।

ਨਾਲ ਨੱਥੀ ਅਰਜ਼ੀ ਫ਼ਾਰਮ ਭਰਕੇ ਜਾਂ **0845 746 1100** 'ਤੇ ਟੈਲੀਫ਼ੋਨ ਕਰਕੇ ਤੁਸੀਂ ਇੱਕ ਪਾਸਵਰਡ ਬਣਾ ਸਕਦੇ ਹੋ।

## ਯਾਦ ਰਖੋ, ਜੇ ਸ਼ੱਕ ਹੈ – ਉਹਨਾਂ ਨੂੰ ਅੰਦਰ ਨਾ ਆਉਣ ਦਿਓ!

# ਐਕਸਟ੍ਰਾਕੇਅਰ... ਅਤੇ ਤੁਹਾਡੀ ਪਾਣੀ ਦੀ ਸਪਲਾਈ

## ਸਮੇਂ ਸਮੇਂ ਸਿਰ, ਸਾਨੂੰ ਪਾਣੀ ਸਬੰਧੀ ਨੈਟਵਰਕ 'ਤੇ ਕੰਮ ਕਰਨ ਦੀ ਲੋੜ ਪੈ ਸਕਦੀ ਹੈ।

ਇਸ ਨਾਲ ਸਾਨੂੰ ਤੁਹਾਡੇ ਪਾਣੀ ਦੀ ਸਪਲਾਈ ਦੀ ਵਧੀਆ ਕੁਆਲਿਟੀ ਤਿਆਰ ਕਰਨ ਵਿਚ ਮਦਦ ਮਿਲਦੀ ਹੈ।

ਇਸਦਾ ਮਤਲਬ ਹੋ ਸਕਦਾ ਹੈ, ਥੋੜ੍ਹੀ ਦੇਰ ਲਈ ਤੁਹਾਡਾ ਪਾਣੀ ਬੰਦ ਕਰਨਾ। ਜੇ ਅਸੀਂ ਇਹ ਕਰਨਾ ਹੈ, ਤਾਂ ਅਸੀਂ ਪਾਣੀ ਬੰਦ ਕਰਨ ਬਾਰੇ ਜਾਣਕਾਰੀ ਦੇਣ ਵਾਲਾ ਕਾਰਡ ਤੁਹਾਡੇ ਡਾਕ-ਬਕਸੇ ਵਿਚ ਪਹਿਲਾਂ ਹੀ ਪਾ ਦਿਆਂਗੇ।

ਜੇ ਤੁਸੀਂ ਐਕਸਟ੍ਰਾਕੇਅਰ ਨਾਲ ਰਜਿਸਟਰ ਹੋ, ਤਾਂ ਤੁਹਾਡੇ ਪਾਣੀ ਦੀ ਸਪਲਾਈ ਵਿਚ ਕਿਸੇ ਕਿਸਮ ਦੀਆਂ ਤਬਦੀਲੀਆਂ ਬਾਰੇ ਤੁਹਾਨੂੰ ਖ਼ਬਰਦਾਰ ਕਰਨ ਲਈ ਅਸੀਂ ਵਾਧੂ ਕਾਰਵਾਈਆਂ ਕਰਾਂਗੇ।

ਜੇ ਤੁਸੀਂ ਸਾਨੂੰ ਦਸਿਆ ਹੈ ਕਿ ਤੁਸੀਂ **ਨੇਤਰਹੀਣ** ਹੋ ਜਾਂ ਤੁਹਾਨੂੰ **ਘੱਟ ਨਜ਼ਰ ਆਉਂਦਾ** ਹੈ, ਜੇ ਤੁਹਾਡੇ ਪਾਣੀ ਦੀ ਸਪਲਾਈ ਬੰਦ ਕਰਨ ਦੀ ਸਾਡੀ ਯੋਜਨਾ ਹੈ, ਤਾਂ ਅਸੀਂ ਤੁਹਾਡੇ ਨਾਲ ਨਿਜੀ ਤੌਰ 'ਤੇ ਸੰਪਰਕ ਕਰਾਂਗੇ।

## ਜੇ ਪਾਈਪ ਫਟ ਗਿਆ ਹੈ

ਜਦੋਂ ਅਸੀਂ ਤੁਹਾਡੇ ਪਾਣੀ ਦੀ ਸਪਲਾਈ ਬੰਦ ਕਰਦੇ ਹਾਂ, ਤਾਂ ਇਹ ਹਮੇਸ਼ਾ ਸੰਭਵ ਨਹੀਂ ਹੋ ਸਕਦਾ ਕਿ ਅਸੀਂ ਤੁਹਾਨੂੰ ਪਹਿਲਾਂ ਦੱਸੀਏ। ਜੇ ਸਾਡਾ ਪਾਣੀ ਵਾਲਾ ਮੁੱਖ ਪਾਈਪ ਫਟ ਜਾਂਦਾ ਹੈ, ਤਾਂ ਸਾਨੂੰ ਤੁਹਾਡਾ ਪਾਣੀ ਫ਼ੌਰਨ ਬੰਦ ਕਰਨਾ ਪੈ ਸਕਦਾ ਹੈ।

ਜੇ ਇੰਜ ਹੁੰਦਾ ਹੈ, ਤਾਂ ਅਸੀਂ ਸੜਕ 'ਤੇ ਲਾਊਡਸਪੀਕਰ ਦੀ ਵਰਤੋਂ ਕਰਦਿਆਂ ਤੁਹਾਨੂੰ ਦੱਸਾਂਗੇ। ਜੇ ਵੱਡਾ ਇਲਾਕਾ ਪ੍ਰਭਾਵਿਤ ਹੁੰਦਾ ਹੈ, ਤਾਂ ਸਥਾਨਕ ਰੇਡੀਓ 'ਤੇ ਐਲਾਨ ਕੀਤਾ ਜਾਏਗਾ।

ਪਰ, ਜੇ ਤੁਸੀਂ ਸਾਨੂੰ ਦੱਸਿਆ ਹੈ ਕਿ ਤੁਸੀਂ **ਬੋਲ਼ੇ ਹੋ** ਜਾਂ ਤੁਹਾਨੂੰ **ਉਚਾ ਸੁਣਦਾ ਹੈ,** ਤਾਂ ਕਿਸੇ ਵੀ ਐਮਰਜੈਂਸੀ ਵਿਚ ਪਾਣੀ ਬੰਦ ਕਰਨ ਵੇਲੇ, ਜਿਸ ਨਾਲ ਤੁਹਾਡੇ 'ਤੇ ਅਸਰ ਪੈ ਸਕਦਾ ਹੈ, ਬਾਰੇ ਅਸੀਂ ਤੁਹਾਡੇ ਨਾਲ ਨਿਜੀ ਤੌਰ 'ਤੇ ਸੰਪਰਕ ਕਰਾਂਗੇ।

ਜੇ ਪਾਣੀ ਦੀ ਸਪਲਾਈ 12 ਘੰਟਿਆਂ ਤੋਂ ਵੱਧ ਸਮੇਂ ਲਈ ਬੰਦ ਕਰਨੀ ਪਏਗੀ, ਤਾਂ ਤੁਹਾਡੇ ਲਈ ਲਾਗੇ-ਚਾਗੇ ਪਾਣੀ ਦਾ ਟੈਂਕਰ ਖੜ੍ਹਾ ਕਰਾਂਗੇ, ਜਿਥੋਂ ਤੁਸੀਂ ਪਾਣੀ ਲੈ ਸਕੋ। ਪਰ, ਜੇ ਤੁਸੀਂ ਸਾਨੂੰ ਦੱਸਿਆ ਹੈ ਕਿ ਤੁਸੀਂ **ਨੇਤਰਹੀਣ ਹੋ ਜਾਂ ਘੱਟ ਨਜ਼ਰ ਆਉਂਦਾ ਹੈ, ਅਪੰਗ ਹੋ ਜਾਂ ਜ਼ਿਆਦਾ ਤੁਰ ਫਿਰ ਨਹੀਂ ਸਕਦੇ,** ਤਾਂ ਅਸੀਂ ਐਮਰਜੈਂਸੀ ਵਾਲੀਆਂ ਸਥਿਤੀਆਂ ਵਿਚ ਬੋਤਲਬੰਦ ਪਾਣੀ ਦੀ ਥੋੜ੍ਹੀ ਜਿਹੀ ਮਾਤਰਾ ਦੇ ਸਕਦੇ ਹਾਂ।

ਕਿਰਪਾ ਕਰਕੇ ਧਿਆਨ ਦਿਓ ਕਿ ਬੋਤਲਬੰਦ ਪਾਣੀ ਆਪਣੇ ਆਪ ਨਹੀਂ ਦਿੱਤਾ ਜਾਂਦਾ - ਜੇ ਤੁਸੀਂ ਐਕਸਟ੍ਰਾਕੇਅਰ ਨਾਲ ਰਜਿਸਟਰਡ ਹੋ, ਤਾਂ ਤੁਹਾਨੂੰ ਇਸ ਐਮਰਜੈਂਸੀ ਦੌਰਾਨ **0845 746 2200** 'ਤੇ ਜਾਂ ਟੈਕਸਟਫ਼ੋਨ **0808 143 0295** 'ਤੇ ਸਾਨੂੰ ਫ਼ੋਨ ਕਰਕੇ ਜ਼ਰੂਰ ਦੱਸਣਾ ਚਾਹੀਦਾ ਹੈ।

# ਐਕਸਟ੍ਰਾਕੇਅਰ... ਅਤੇ ਡਾਇਲਿਸਿਸ ਦੇ ਮਰੀਜ਼

## ਅਸੀਂ ਆਪਣੇ ਗਾਹਕਾਂ, ਜੋ ਘਰ ਵਿਚ ਡਾਇਲਿਸਿਸ ਕਰਾਉਂਦੇ ਹਨ, ਲਈ ਵਿਸ਼ੇਸ਼ ਕਾਰਵਾਈਆਂ ਕਰਦੇ ਹਾਂ।

ਜੇ ਤੁਸੀਂ ਘਰ ਵਿਚ ਡਾਇਲਿਸਿਸ ਕਰਾਉਂਦੇ ਹੋ, ਤਾਂ ਤੁਹਾਨੂੰ, ਤੁਹਾਡਾ ਇਲਾਜ ਕਰ ਰਹੇ ਹਸਪਤਾਲ ਵਲੋਂ ਸਾਡੇ ਨਾਲ ਪਹਿਲਾਂ ਹੀ ਰਜਿਸਟਰਡ ਕੀਤਾ ਗਿਆ ਹੋਣਾ ਚਾਹੀਦਾ ਹੈ। ਜੇ ਤੁਹਾਨੂੰ ਪੱਕਾ ਨਹੀਂ ਹੈ ਕਿ ਤੁਸੀਂ ਰਜਿਸਟਰਡ ਹੋ ਜਾਂ ਨਹੀਂ, ਤਾਂ ਪਤਾ ਲਾਉਣ ਲਈ ਕਿਰਪਾ ਕਰਕੇ ਸਾਨੂੰ **0845 746 2200** 'ਤੇ ਜਾਂ ਟੈਕਸਟਫ਼ੋਨ **0808 143 0295** 'ਤੇ ਕਾੱਲ ਕਰੋ।

ਜੇ ਪਾਣੀ ਦੇ ਨੈਟਵਰਕ 'ਤੇ ਕੰਮ ਕਰਨ ਲਈ ਤੁਹਾਡੇ ਪਾਣੀ ਦੀ ਸਪਲਾਈ ਬੰਦ ਕਰਨ ਦੀ ਸਾਡੀ ਯੋਜਨਾ ਹੈ, ਤਾਂ ਅਸੀਂ ਆਮ ਤੌਰ 'ਤੇ ਕੋਸ਼ਿਸ਼ ਕਰਾਂਗੇ ਕਿ ਜਿਸ ਦਿਨ ਤੁਸੀਂ ਡਾਇਲਿਸਿਸ ਕਰਾਉਣਾ ਹੈ, ਉਸ ਦਿਨ ਪਾਣੀ ਬੰਦ ਨਾ ਕਰੀਏ। ਜੇ ਇਹ ਸੰਭਵ ਨਹੀਂ ਹੈ, ਤਾਂ ਕੰਮ ਦੀ ਯੋਜਨਾ ਬਣਦਿਆਂ ਹੀ, ਅਸੀਂ ਜਿੰਨੀ ਛੇਤੀ ਸੰਭਵ ਹੋ ਸਕਿਆ, ਤੁਹਾਡੇ ਨਾਲ ਸੰਪਰਕ ਕਰਾਂਗੇ ਅਤੇ ਤੁਹਾਨੂੰ ਪਾਣੀ ਬੰਦ ਕੀਤੇ ਜਾਣ ਬਾਰੇ ਦਸਾਂਗੇ, ਤਾਂ ਜੋ ਤੁਸੀਂ ਬਦਲਵੇਂ ਪ੍ਰਬੰਧ ਕਰ ਸਕੋ।

ਪਾਣੀ ਦਾ ਮੁਖ ਪਾਈਪ ਫਟਣ ਵਰਗੇ ਐਮਰਜੈਂਸੀ ਵਿਘਨ ਦੇ ਮਾਮਲੇ ਵਿਚ, ਜਿੰਨਾ ਅਸੀਂ ਕਰ ਸਕੇ, ਤੁਹਾਨੂੰ ਵੱਧ ਤੋਂ ਵੱਧ ਜਾਣਕਾਰੀ ਦੇਣ ਲਈ ਜਿੰਨੀ ਛੇਤੀ ਸੰਭਵ ਹੋ ਸਕਿਆ, ਤੁਹਾਡੇ ਨਾਲ ਸੰਪਰਕ ਕਰਾਂਗੇ। ਜੇ ਤੁਹਾਨੂੰ ਸਾਡੇ ਤੋਂ ਜਾਣਕਾਰੀ ਨਹੀਂ ਮਿਲੀ ਅਤੇ ਤੁਹਾਡੀ ਪਾਣੀ ਦੀ ਸਪਲਾਈ ਬੰਦ ਹੋ ਜਾਂਦੀ ਹੈ, ਤੁਸੀਂ ਸਾਨੂੰ **ਸਮਰਪਿਤ ਟੈਲੀਫ਼ੋਨ ਨੰਬਰ** 'ਤੇ ਕਾੱਲ ਕਰ ਸਕਦੇ ਹੋ। ਅਸੀਂ ਤੁਹਾਨੂੰ ਇਹ ਨੰਬਰ ਉਸ ਵੇਲੇ ਦਿਆਂਗੇ, ਜਦੋਂ ਤੁਸੀਂ ਸਾਡੇ ਨਾਲ ਰਜਿਸਟਰ ਹੁੰਦੇ ਹੋ।

# ਐਕਸਟ੍ਰਾਕੇਅਰ... ਅਤੇ ਤੁਹਾਡਾ ਬਿੱਲ

## ਅਸੀਂ ਤੁਹਾਨੂੰ ਉਸ ਤਰੀਕੇ ਨਾਲ ਬਿੱਲ ਭੇਜਾਂਗੇ, ਜੋ ਕਿ ਤੁਹਾਡੇ ਲਈ ਪੜ੍ਹਣਾ ਬਹੁਤ ਹੀ ਅਸਾਨ ਹੈ।

ਜੇ ਤੁਹਾਨੂੰ ਆਪਣੇ ਬਿੱਲ ਪੜ੍ਹਣ ਵਿਚ ਪਰੇਸ਼ਾਨੀ ਹੁੰਦੀ ਹੈ, ਤਾਂ ਅਸੀਂ ਤੁਹਾਨੂੰ ਕਈ ਸੇਵਾਵਾਂ ਦੀ ਪੇਸ਼ਕਸ਼ ਕਰ ਸਕਦੇ ਹਾਂ, ਜਿਸ ਨਾਲ ਤੁਹਾਨੂੰ ਮਦਦ ਮਿਲ ਸਕਦੀ ਹੈ।

### ਬ੍ਰੇਲ ਜਾਂ ਵੱਡੇ ਅੱਖਰ

ਅਸੀਂ ਤੁਹਾਨੂੰ ਤੁਹਾਡਾ ਬਿੱਲ ਬ੍ਰੇਲ ਜਾਂ ਵੱਡੇ ਅੱਖਰਾਂ ਵਿਚ ਭੇਜ ਸਕਦੇ ਹਾਂ।

### ਟਾੱਕਿੰਗ ਬਿੱਲ ਜਾਂ ਲੀਫ਼ਲੈਟ

ਅਸੀਂ ਬਿੱਲ ਭੇਜਣ ਤੋਂ ਪਹਿਲਾਂ, ਤੁਹਾਡੇ ਬਿੱਲ ਦੇ ਵੇਰਵਿਆਂ (ਅਤੇ ਲੀਫ਼ਲੈਟ, ਜਿਸ ਨਾਲ ਤੁਹਾਡਾ ਬਿੱਲ ਹੈ, ਜੇ ਤੁਸੀਂ ਇਸ ਬਾਰੇ ਬੇਨਤੀ ਕੀਤੀ ਹੈ) ਬਾਰੇ ਤੁਹਾਨੂੰ ਕਾੱਲ ਕਰ ਸਕਦੇ ਹਾਂ, ਤਾਂ ਜੋ ਤੁਸੀਂ ਸਾਡੇ ਤੋਂ ਕੋਈ ਵੀ ਸੁਆਲ ਪੁੱਛ ਸਕੋ।



## ਨਾਮਜ਼ਦ ਕਰਨ ਸਬੰਧੀ ਸਕੀਮ

ਜੇ ਤੁਸੀਂ ਚਾਹੋਗੇ, ਤਾਂ ਅਸੀਂ ਤੁਹਾਡੇ ਦੋਸਤ ਜਾਂ ਰਿਸ਼ਤੇਦਾਰ ਨੂੰ ਫ਼ੋਨ ਕਰ ਸਕਦੇ ਹਾਂ, ਪਰ ਇਸ ਤੋਂ ਪਹਿਲਾਂ ਤੁਸੀਂ ਉਹਨਾਂ ਦੇ ਵੇਰਵੇ ਸਾਨੂੰ ਦਿਓ।

## ਬਹੁਤ ਜ਼ਿਆਦਾ ਪਾਣੀ ਦੀ ਵਰਤੋਂ ਕਰਨ ਵਾਲੇ ਮੀਟਰ ਵਾਲੇ ਗਾਹਕਾਂ ਲਈ ਮਦਦ

ਜੇ ਮੀਟਰ ਤੁਹਾਡੀ ਸੰਪਤੀ ਵਿਚ ਲੱਗਿਆ ਹੋਇਆ ਹੈ (ਜਾਂ ਤੁਸੀਂ ਅੰਦਾਜ਼ਾ ਲਾਈ ਗਈ ਲਾਗਤ ਦਾ ਭੁਗਤਾਨ ਕਰ ਰਹੇ ਹੋ, ਕਿਉਂਕਿ ਅਸੀਂ ਇਸ ਨੂੰ ਲਾਉਣ ਦੇ ਸਮਰੱਥ ਨਹੀਂ ਸੀ) ਅਤੇ ਤੁਸੀਂ ਜ਼ਰੂਰੀ ਉਦੇਸ਼ਾਂ ਲਈ ਬਹੁਤ ਸਾਰਾ ਪਾਣੀ ਵਰਤਦੇ ਹੋ, ਤਾਂ ਤੁਸੀਂ ਸਾਡੀ ਵਾਟਰਸ਼ਿਓਰ ਸਕੀਮ ਤੋਂ ਲਾਭ ਚੁੱਕ ਸਕਦੇ ਹੋ।

ਜੇ ਤੁਸੀਂ ਸਕੀਮ ਪ੍ਰਵਾਨ ਕੀਤੀ ਹੈ, ਤਾਂ ਤੁਹਾਡੀਆਂ ਲਾਗਤਾਂ, ਔਸਤ ਘਰੇਲੂ ਬਿੱਲ ਜਿੰਨੀਆਂ ਰਖੀਆਂ ਜਾਣਗੀਆਂ।

ਇਹ ਸਕੀਮ ਉਹਨਾਂ ਗਾਹਕਾਂ ਲਈ ਹੈ, ਜੋ ਆਮਦਨ ਸਬੰਧੀ ਕੁਝ ਲਾਭ ਲੈਂਦੇ ਹਨ **ਅਤੇ ਜਾਂ ਤਾਂ** ਉਹਨਾਂ ਦਾ ਵੱਡਾ ਪਰਿਵਾਰ ਹੈ **ਜਾਂ** ਜਿਥੇ ਘਰ ਦੇ ਇੱਕ ਮੈਂਬਰ ਦੀ ਮੈਡੀਕਲ ਸਥਿਤੀ ਹੈ, ਜਿਸ ਕਰਕੇ ਉਸਨੂੰ ਚੋਖਾ ਵਾਧੂ ਪਾਣੀ ਵਰਤਣਾ ਪੈਂਦਾ ਹੈ।

ਵਾਟਰਸ਼ਿਓਰ ਜਾਣਕਾਰੀ ਪੈਕ ਦਾ ਆੱਰਡਰ ਦੇਣ ਲਈ, **0845 303 7711** 'ਤੇ ਸਾਡੀ ਆੱਟੋਮੇਟਿਡ ਲੀਫ਼ਲੈਟ ਲਾਈਨ 'ਤੇ ਫ਼ੋਨ ਕਰੋ। ਇਸ ਤੋਂ ਅਲਾਵਾ ਅਰਜ਼ੀ ਫ਼ਾਰਮ ਲਈ ਸਾਡੀ ਵੈਬਸਾਈਟ **unitedutilities.com/watersure** 'ਤੇ ਲੱਗਆੱਨ ਕਰੋ।

ਵਾਟਰਸ਼ਿਓਰ ਬਾਰੇ ਜੇ ਤੁਹਾਡੇ ਕੋਈ ਸੁਆਲ ਹਨ, ਤਾਂ ਕਿਰਪਾ ਕਰਕੇ **0845 309 3001** 'ਤੇ ਸਾਨੂੰ ਕਾੱਲ ਕਰੋ।

# ਐਕਸਟ੍ਰਾਕੇਅਰ... ਪਾਣੀ ਦੇ ਮੀਟਰਾਂ ਬਾਰੇ ਸਭ ਕੁਝ

ਜੇ ਤੁਸੀਂ ਇਕੱਲੇ ਰਹਿੰਦੇ ਹੋ, ਤੁਹਾਡਾ ਛੋਟਾ ਪਰਿਵਾਰ ਹੈ, ਜਾਂ ਉਚ ਦਰਯੋਗ ਮੁੱਲ ਵਾਲੇ ਘਰ ਵਿਚ ਰਹਿੰਦੇ ਹੋ, ਤਾਂ ਪਾਣੀ ਦਾ ਮੀਟਰ ਲੁਆਉਣਾ ਤੁਹਾਡੇ ਲਈ ਚੰਗਾ ਹੋ ਸਕਦਾ ਹੈ। ਅਸੀਂ ਬਿਨਾ ਲਾਗਤ ਲਿਆਂ ਮੀਟਰ ਲਾਉਂਦੇ ਹਾਂ, ਹੋਰ ਵੇਰਵਿਆਂ ਲਈ ਸਾਡੀ ਵੈਬਸਾਈਟ **unitedutilities.com/meters** 'ਤੇ ਲਾੱਗਆੱਨ ਕਰੋ ਜਾਂ ਅਰਜ਼ੀ ਫ਼ਾਰਮ ਦੀ ਬੇਨਤੀ ਲਈ 'ਤੇ ਸਾਡੀ ਲੀਫ਼ਲੈਟ ਲਾਈਨ **0845 303 7711** 'ਤੇ ਟੈਲੀਫ਼ੋਨ ਕਰੋ।

ਜੇ ਤੁਹਾਡੇ ਮੀਟਰ ਲੱਗਿਆ ਹੋਇਆ ਹੈ ਅਤੇ ਇਸ ਨੂੰ ਵੇਖਣ ਜਾਂ ਪੜ੍ਹਣ ਵਿਚ ਪਰੇਸ਼ਾਨੀ ਹੈ, ਤਾਂ ਸਾਨੂੰ ਦੱਸੋ। ਜਿਵੇਂ ਹੀ ਤੁਹਾਡੇ ਨਲਸਾਜ਼ੀ ਦੇ ਪ੍ਰਬੰਧ ਸਾਨੂੰ ਕੰਮ ਕਰਨ ਦੀ ਆਗਿਆ ਦੇਣ, ਅਸੀਂ ਇਸ ਨੂੰ ਪਹੁੰਚ ਵਾਲੀ ਕਿਸੇ ਹੋਰ ਥਾਂ 'ਤੇ ਲਾਕੇ ਮਦਦ ਕਰਨ ਦੇ ਸਮਰੱਥ ਹੋ ਸਕਦੇ ਹਾਂ। ਜੇ ਤੁਸੀਂ **ਨੇਤਰਹੀਣ ਹੋ ਜਾਂ ਤੁਹਾਨੂੰ ਘੱਟ ਨਜ਼ਰ ਆਉਂਦਾ ਹੈ,** ਤਾਂ ਅਸੀਂ ਤਿਮਾਹੀ ਅਧਾਰ 'ਤੇ ਤੁਹਾਡਾ ਮੀਟਰ ਪੜ੍ਹੇ ਜਾਣ ਦਾ ਪ੍ਰਬੰਧ ਕਰ ਸਕਦੇ ਹਾਂ - ਸਿਰਫ਼ ਸਾਨੂੰ ਦੱਸੋ।



# ਤੁਹਾਡੇ ਬਿੱਲ ਦਾ ਭੁਗਤਾਨ ਕਰਨ ਵਿਚ ਮਦਦ ਕਰਨਾ

ਜੇ ਤੁਹਾਨੂੰ ਆਪਣੇ ਪਾਣੀ ਦੇ ਬਿੱਲ ਦਾ ਭੁਗਤਾਨ ਕਰਨ ਵਿਚ ਮੁਸ਼ਕਿਲਾਂ ਹਨ, ਤਾਂ ਜਿੰਨੀ ਛੇਤੀ ਸੰਭਵ ਹੋਵੇ, ਸਾਨੂੰ ਕਾੱਲ ਕਰੋ। ਸਾਨੂੰ ਲਚਕੀਲੇ ਭੁਗਤਾਨ ਪ੍ਰਬੰਧਾਂ ਅਤੇ ਤੁਹਾਡੀਆਂ ਨਿਜੀ ਸਥਿਤੀਆਂ 'ਤੇ ਨਿਰਭਰ ਕਈ ਸਹਾਇਤਾ ਸਕੀਮਾਂ ਬਾਰੇ ਗੱਲਬਾਤ ਕਰਕੇ ਖ਼ੁਸ਼ੀ ਹੁੰਦੀ ਹੈ।

ਹੋਰ ਜਾਣਕਾਰੀ ਲਈ ਸਾਡੇ ਨਾਲ
**0845 746 2222** 'ਤੇ
(ਜੇ ਤੁਹਾਡਾ ਪਾਣੀ ਦਾ ਮੀਟਰ ਹੈ)
ਜਾਂ **0845 746 1100** 'ਤੇ ਸੰਪਰਕ ਕਰੋ।
(ਜੇ ਤੁਹਾਡਾ ਪਾਣੀ ਦਾ ਮੀਟਰ ਨਹੀਂ ਹੈ)

## ਜੇ ਤੁਸੀਂ ਅਪੰਗ ਹੋ, ਤਾਂ ਹੋਰ ਜਾਣਕਾਰੀ

ਜੇ ਤੁਹਾਡੀ ਇੰਟਰਨੈਟ ਤੱਕ ਪਹੁੰਚ ਹੈ, ਤਾਂ ਮਾਲੀ ਸਹਾਇਤਾ, ਪੜ੍ਹਾਈ, ਸਿਹਤ, ਹਾਊਸਿੰਗ, ਹੱਕ ਅਤੇ ਜ਼ਿੰਮੇਵਾਰੀਆਂ, ਅਤੇ ਉਪਕਰਣ ਉਪਲਬਧ ਕਰਾਉਣ ਵਾਲੇ ਲੋਕਾਂ ਸਮੇਤ ਅਪੰਗਤਾ ਬਾਰੇ ਭਰਪੂਰ ਜਾਣਕਾਰੀ ਲਈ www.direct.gov.uk ਵੇਖੋ।

# ਐਕਸਟ੍ਰਾਕੇਅਰ... ਅਤੇ ਸਾਡੀ ਜ਼ਮੀਨ ਅਤੇ ਪਾਣੀ ਦੇ ਭੰਡਾਰਾਂ ਤੱਕ ਪਹੁੰਚ ਵਿਚ ਸੁਧਾਰ ਕਰਨਾ



## ਮੌਜ-ਮਸਤੀ ਦੀਆਂ ਸਹੂਲਤਾਂ

ਸਾਡੇ ਕੋਲ ਲੇਕ ਡਿਸਟ੍ਰਿਕਟ ਅਤੇ ਪੀਕ ਡਿਸਟ੍ਰਿਕਟ ਤੋਂ ਲੈਕੇ ਵੈਸਟ ਪੈਨਿਨ ਮੂਰਸ ਅਤੇ ਫ਼ਾਰੇਸਟ ਆੱਫ਼ ਬੋਅਲੈਂਡ ਤੱਕ ਬਰਤਾਨੀਆ ਦੇ ਸਭ ਤੋਂ ਖ਼ੂਬਸੂਰਤ ਭੂ-ਦ੍ਰਿਸ਼ਾਂ ਵਿਚੋਂ ਕੁਝ ਵਿਚਲੀ ਜ਼ਮੀਨ ਅਤੇ ਪਾਣੀ ਦੇ ਭੰਡਾਰ ਹਨ ਅਤੇ ਅਸੀਂ ਉਹਨਾਂ ਦਾ ਪ੍ਰਬੰਧ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਲੋਕ ਸਾਡੇ ਵਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਮਾਣਨ ਅਤੇ ਅਸੀਂ ਅਪੰਗ ਲੋਕਾਂ ਲਈ ਪਹੁੰਚ ਵਿਚ ਸੁਧਾਰ ਕਰਦੇ ਰਹਿੰਦੇ ਹਾਂ।

ਸਾਡੀਆਂ ਮੌਜ-ਮਸਤੀ ਵਾਲੀਆਂ ਸਹੂਲਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ **unitedutilities.com** ਵੇਖੋ।

# ਐਕਸਟ੍ਰਾਕੇਅਰ... ਅਤੇ ਸੰਪਰਕ ਵਿਚ ਰਹਿਣਾ



ਸਾਡੇ ਸਾਰੇ ਗਾਹਕ ਸਾਨੂੰ
ਫ਼ੋਨ ਨਹੀਂ ਕਰ ਸਕਦੇ,
ਇਸ ਲਈ ਸੰਪਰਕ
ਬਣਾਈ ਰਖਣ ਲਈ
ਅਸੀਂ ਹੋਰਨਾਂ ਤਰੀਕਿਆਂ
ਦੀ ਪੇਸ਼ਕਸ਼ ਕਰਦੇ ਹਾਂ।

## ਟੈਕਸਟਫ਼ੋਨ ਸੇਵਾ

ਜੇ ਤੁਹਾਨੂੰ ਸੁਣਨ ਜਾਂ ਬੋਲਣ ਵਿਚ ਪਰੇਸ਼ਾਨੀ ਹੈ, ਤਾਂ ਸਾਡੀ ਟੈਕਸਟਫ਼ੋਨ ਸੇਵਾ ਹੈ। ਸਾਡੇ ਟੈਕਸਟਫ਼ੋਨ ਨੰਬਰ ਹਨ:

ਤੁਹਾਡੇ ਬਿੱਲਾਂ ਬਾਰੇ ਪੁੱਛਗਿੱਛ ਲਈ **0808 143 1195.** ਤੁਹਾਡੇ ਪਾਣੀ ਅਤੇ ਗੰਦੇ ਪਾਣੀ ਦੀ ਨਿਕਾਸੀ ਸਬੰਧੀ ਸੇਵਾ ਬਾਰੇ ਪੁੱਛਗਿੱਛ ਲਈ **0808 143 0295.**

ਸਾਡੇ ਟੈਕਸਟਫ਼ੋਨ 'ਤੇ ਟੈਲੀਫ਼ੋਨ ਕਰਨ ਲਈ ਕੋਈ ਪੈਸਾ ਨਹੀਂ ਲੱਗਦਾ।

## RNID ਟਾਈਪਟਾੱਕ

ਟੈਕਸਟਫ਼ੋਨ ਦੀ ਵਰਤੋਂ ਕਰਨ ਵਾਲੇ ਸਾਡੇ ਨਾਲ RNID ਟਾਈਪਟਾੱਕ ਰਾਹੀਂ ਵੀ ਸੰਪਰਕ ਕਰ ਸਕਦੇ ਹਨ। ਯੂਨਾਇਟਿਡ ਯੂਟੀਲਿਟੀਜ਼ ਦਾ ਫ਼ੋਨ ਨੰਬਰ ਡਾਇਲ ਕਰਨ ਤੋਂ ਪਹਿਲਾਂ ਆਪਣੇ ਟੈਕਸਟਫ਼ੋਨ 'ਤੇ ਸਿਰਫ਼ 18001 ਡਾਇਲ ਕਰੋ ਅਤੇ RNID ਟਾਈਪਟਾੱਕ ਔਪ੍ਰੇਟਰ ਸਾਡੇ ਨਾਲ ਤੁਹਾਡੀ ਗੱਲ ਕਰਾ ਦਏਗਾ/ਦਏਗੀ।

## ਈਮੇਲ

ਜੇ ਇਹ ਸੌਖਾ ਹੈ, ਤਾਂ ਤੁਸੀਂ ਸਾਡੇ ਨਾਲ ਈਮੇਲ **customer.services@uuplc.co.uk** ਰਾਹੀਂ ਵੀ ਸੰਪਰਕ ਕਰ ਸਕਦੇ ਹੋ।

## ਸੰਕੇਤ ਭਾਸ਼ਾ ਸਮਝਾਉਣ ਵਾਲੇ

ਸਾਡੇ ਮੁਲਾਜ਼ਮਾਂ ਵਿਚੋਂ ਇੱਕ ਨਾਲ ਜੇ ਤੁਹਾਨੂੰ ਮੁਲਾਕਾਤ ਦਾ ਸਮਾਂ ਲੈਣ ਦੀ ਲੋੜ ਹੈ, ਤਾਂ ਤੁਸੀਂ ਸਾਨੂੰ ਉਥੇ ਦੁਭਾਸ਼ੀਆ ਮੌਜੂਦ ਹੋਣ ਦਾ ਪ੍ਰਬੰਧ ਕਰਨ ਲਈ ਕਹਿ ਸਕਦੇ ਹੋ।

## ਯੂਨਾਇਟਿਡ ਯੂਟੀਲਿਟਿਜ਼ ਤੋਂ ਪੁਸਤਿਕਾਂ

ਸਾਡੀਆਂ ਬਹੁਤ ਸਾਰੀਆਂ ਪੁਸਤਿਕਾਂ ਬ੍ਰੇਲ, ਵੱਡੇ ਅੱਖਰਾਂ ਅਤੇ ਆੱਡੀਓ ਕੈਸੇਟ ਜਾਂ ਸੀਡੀ ਵਿਚ ਉਪਲਬਧ ਹਨ। ਜੇ ਤੁਸੀਂ ਉਪਰ ਦਿੱਤੇ ਰੂਪਾਂ ਵਿਚ ਕੋਈ ਵੀ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਦੱਸੋ।

# ਐਕਸਟ੍ਰਾਕੇਅਰ...
# ਜਦੋਂ ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਦੀ ਲੋੜ ਪਏ

## **ਜੇ ਤੁਹਾਡਾ ਪਾਣੀ ਦਾ ਮੀਟਰ ਹੈ,** ਤਾਂ ਤੁਹਾਡੇ ਬਿੱਲ ਬਾਰੇ ਸੁਆਲ

ਟੈਲੀਫ਼ੋਨ **0845 746 2222**
ਟੈਕਸਟਫ਼ੋਨ **0808 143 1195**
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਰਾਤੀਂ 8 ਵਜੇ ਤੱਕ
ਸ਼ਨਿਚਰਵਾਰ, ਸਵੇਰੇ 8 ਵਜੇ ਤੋਂ ਸ਼ਾਮੀਂ 5 ਵਜੇ ਤੱਕ

**ਜਾਂ ਇਹਨਾਂ ਨੂੰ ਲਿਖੋ:**
United Utilities, PO Box 50,
Warrington, WA55 1AQ.

## **ਜੇ ਤੁਹਾਡਾ ਪਾਣੀ ਦਾ ਮੀਟਰ ਨਹੀਂ ਹੈ,** ਤਾਂ ਤੁਹਾਡੇ ਬਿੱਲ ਬਾਰੇ ਸੁਆਲ

ਟੈਲੀਫ਼ੋਨ **0845 746 1100**
ਟੈਕਸਟਫ਼ੋਨ **0808 143 1195**
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਰਾਤੀਂ 8 ਵਜੇ ਤੱਕ
ਸ਼ਨਿਚਰਵਾਰ, ਸਵੇਰੇ 8 ਵਜੇ ਤੋਂ ਸ਼ਾਮੀਂ 5 ਵਜੇ ਤੱਕ

**ਜਾਂ ਇਹਨਾਂ ਨੂੰ ਲਿਖੋ:**
United Utilities, PO Box 50,
Warrington, WA55 1AQ.

## **ਤੁਹਾਡੇ ਪਾਣੀ ਦੀ ਸਪਲਾਈ ਅਤੇ ਸੀਵਰ** ਸੇਵਾ ਬਾਰੇ ਸੁਆਲ

ਟੈਲੀਫ਼ੋਨ **0845 746 2200**
ਟੈਕਸਟਫ਼ੋਨ **0808 143 0295**
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਰਾਤੀਂ 8 ਵਜੇ ਤੱਕ
ਸ਼ਨਿਚਰਵਾਰ, ਸਵੇਰੇ 8 ਵਜੇ ਤੋਂ ਸ਼ਾਮੀਂ 6 ਵਜੇ ਤੱਕ
ਐਤਵਾਰ ਅਤੇ ਬੈਂਕ ਦੀਆਂ ਛੁੱਟੀਆਂ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤੱਕ
ਐਮਰਜੈਂਸੀਆਂ ਲਈ ਕਿਰਪਾ ਕਰਕੇ ਉਹੀ ਨੰਬਰ ਵਰਤੋ (24 ਘੰਟੇ)

**ਜਾਂ ਇਹਨਾਂ ਨੂੰ ਲਿਖੋ:**
United Utilities, PO Box 453,
Warrington, WA55 1SE.

# ਐਕਸਟ੍ਰਾਕੇਅਰ ਲਈ ਕਿਵੇਂ ਰਜਿਸਟਰ ਕਰੋ

ਸਾਡੀਆਂ ਐਕਸਟਰਾਕੇਅਰ ਸੇਵਾਵਾਂ ਲਈ ਰਜਿਸਟਰ ਕਰਨ ਦੇ ਬਹੁਤ ਸਾਰੇ ਤਰੀਕੇ ਹਨ।

**ਟੈਲੀਫ਼ੋਨ 0845 746 1100 ਜਾਂ ਟੈਕਸਟਫ਼ੋਨ 0808 143 1195**

**unitedutilities.com/extracare 'ਤੇ ਔਨ-ਲਾਈਨ ਦਰਖ਼ਾਸਤ ਦਿਓ**

**ਨਾਲ ਨੱਥੀ ਫ਼ਾਰਮ ਭਰੋ (ਜਾਂ ਕਿਸੇ ਨੂੰ ਆਪਣੇ ਲਈ ਇਸ ਨੂੰ ਭਰਨ ਲਈ ਕਹੋ) ਅਤੇ ਇਸ ਪਤੇ 'ਤੇ ਵਾਪਸ ਭੇਜੋ:**

**United Utilities, PO Box 459, Great Sankey, Warrington WA55 1WB**

## ਹੋਰ ਲੀਫ਼ਲੈਟ, ਜੋ ਕਿ ਦਿਲਚਸਪੀ ਵਾਲੇ ਹੋ ਸਕਦੇ ਹਨ:

- ਸੇਵਾ ਦੇ ਸਾਡੇ ਮਿਆਰ
- ਪਾਈਪਾਂ, ਨਾਲੀਆਂ ਅਤੇ ਸੀਵਰਾਂ ਲਈ ਅਸਾਨ ਗਾਈਡ
- ਕੀ ਤੁਸੀਂ ਪਾਣੀ ਦੇ ਮੀਟਰ ਨਾਲ ਘੱਟ ਭੁਗਤਾਨ ਕਰ ਸਕਦੇ ਹੋ?
- ਘਰੇਲੂ ਪਾਣੀ ਦੇ ਮੀਟਰਾਂ ਦੀ ਟੈਸਟਿੰਗ
- ਆਪਣੇ ਪਾਣੀ ਦੇ ਬਿੱਲ ਦਾ ਭੁਗਤਾਨ ਕਰਨ ਲਈ ਅਸਾਨ ਗਾਈਡ
- ਪਾਣੀ ਨੂੰ ਸਮਝਦਾਰੀ ਨਾਲ ਵਰਤਣ ਬਾਰੇ ਗਾਈਡ
- ਵਾਟਰਸ਼ਿਓਰ
- ਸ਼ਿਕਾਇਤਾਂ ਸਬੰਧੀ ਸਾਡਾ ਅਮਲ
- ਸੀਸੇ ਅਤੇ ਸਾਂਝੀ ਸਪਲਾਈ ਵਾਲੇ ਪਾਈਪ ਬਦਲਣਾ

ਸਾਡੇ ਸਾਰੇ ਲੀਫ਼ਲੈਟ ਸਾਡੀ ਵੈਬਸਾਈਟ: unitedutilities.com/leaflets ਤੋਂ ਡਾਊਨਲੋਡ ਕਰਨ ਲਈ ਉਪਲਬਧ ਹਨ। ਇਸ ਤੋਂ ਅਲਾਵਾ, ਕਿਰਪਾ ਕਰਕੇ **0845 303 7711** 'ਤੇ ਸਾਡੀ 24-ਘੰਟੇ ਦੀ ਆੱਟੋਮੇਟਿਡ ਲੀਫ਼ਲੈਟ ਬੇਨਤੀ ਲਾਈਨ ਜਾਂ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰੋ, ਜਾਂ ਇਥੇ ਲਿਖੋ: United Utilities (Dept LR), 1050 Europa Boulevard, Warrington WA55 1LR.

## ਸਾਡੇ ਸਾਰੇ ਕਿਤਾਬਚੇ ਵੱਡੇ ਅੱਖਰਾਂ, ਬ੍ਰੇਲ ਵਿਚ ਅਤੇ ਆੱਡੀਓ ਕੈਸੇਟ 'ਤੇ ਉਪਲਬਧ ਹਨ।

ਜੇ ਅੰਗ੍ਰੇਜ਼ੀ ਤੁਹਾਡੀ ਮਾਂ-ਬੋਲੀ ਨਹੀਂ ਹੈ, ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ। ਅਸੀਂ ਆਪਣੀਆਂ ਸਾਰੀਆਂ ਮੁਖ ਸੇਵਾਵਾਂ ਸਬੰਧੀ ਕਿਤਾਬਚੇ ਇਹਨਾਂ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਹਨ: ਹਿੰਦੀ, ਉਰਦੂ, ਗੁਜਰਾਤੀ, ਚੀਨੀ, ਬੰਗਾਲੀ ਅਤੇ ਪੰਜਾਬੀ। ਇਕ ਕਾੱਪੀ ਦੀ ਬੇਨਤੀ ਕਰਨ ਲਈ ਕਿਰਪਾ ਕਰਕੇ ਸਾਨੂੰ **0845 746 1100** 'ਤੇ ਜਾਂ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰੋ।

## ਤੁਹਾਡਾ ਬਿੱਲ

ਆਪਣੇ ਬਿੱਲ ਬਾਰੇ ਗੱਲਬਾਤ ਕਰਨ ਲਈ **0845 746 1100** 'ਤੇ (ਜੇ ਤੁਹਾਡਾ ਪਾਣੀ ਦਾ ਮੀਟਰ ਨਹੀਂ ਹੈ) ਜਾਂ **0845 746 2222** 'ਤੇ (ਜੇ ਤੁਹਾਡਾ ਪਾਣੀ ਦਾ ਮੀਟਰ ਹੈ) ਜਾਂ ਟੈਕੋਸਟਫ਼ੋਨ **0808 143 1195** 'ਤੇ ਕਾੱਲ ਕਰੋ। ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤੀਂ 8 ਵਜੇ, ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮੀਂ 5 ਵਜੇ ਤਕ। ਜਾਂ ਇਥੇ ਲਿਖੋ: United Utilities, PO Box 459, Warrington, WA55 1WB.

## ਤੁਹਾਡਾ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ

ਆਪਣੇ ਪਾਣੀ ਜਾਂ ਗੰਦੇ ਪਾਣੀ ਸਬੰਧੀ ਸੇਵਾਵਾਂ ਦੀਆਂ ਸਮਸਿਆਵਾਂ ਦੀ ਰਿਪੋਰਟ ਕਰਨ ਲਈ **0845 746 2200** 'ਤੇ ਜਾਂ ਟੈਕਸਟਫ਼ੋਨ **0808 143 0295** 'ਤੇ ਕਾੱਲ ਕਰੋ। ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤੀਂ 8 ਵਜੇ, ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮੀਂ 6 ਵਜੇ ਤਕ, ਐਤਵਾਰ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤਕ। ਦਫ਼ਤਰ ਦੇ ਸਮੇਂ ਤੋਂ ਬਾਅਦ ਐਮਰਜੈਂਸੀ ਸੇਵਾ। ਜਾਂ ਇਥੇ ਲਿਖੋ: United Utilities, PO Box 453, Warrington, WA55 1SE.



unitedutilities.com

United Utilities Water PLC
Haweswater House
Lingley Mere Business Park
Lingley Green Avenue
Warrington
WA5 3LP

ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ
ਰਜਿਸਟਰਡ ਨੰਬਰ 2366678

10/10/SD/3735a

United Utilities | ਅੱਜ ਸੇਵਾ ਦੇ ਰਹੇ ਹਾਂ, ਭਵਿੱਖ ਦੀ ਉਸਾਰੀ ਲਈ

# ਐਕਸਟਰਾਕੇਅਰ
# ਰਜਿਸਟ੍ਰੇਸ਼ਨ ਫ਼ਾਰਮ

United Utilities

**ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਫ਼ਾਰਮ ਪੂਰੀ ਤਰ੍ਹਾਂ ਭਰੋ ਅਤੇ ਇਸਨੂੰ ਇਥੇ ਵਾਪਸ ਭੇਜੋ:**
**United Utilities, PO Box 459, Great Sankey, Warrington WA55 1WB.**
**ਐਕਸਟਰਾਕੇਅਰ ਲਈ ਰਜਿਸਟ੍ਰੇਸ਼ਨ ਕਰਾਉਣਾ ਪੂਰੀ ਤਰ੍ਹਾਂ ਮੁਫ਼ਤ ਹੈ।**

| | | | |
|---|---|---|---|
| ਸ੍ਰੀ/ਸ੍ਰੀਮਤੀ/ਕੁਮਾਰੀ/ਮਿਸ: | | ਅਖ਼ੀਰਲਾ ਨਾਂ: | |
| ਪਤਾ: | | | |
| ਪੋਸਟਕੋਡ: | | | |
| ਟੈਲੀਫ਼ੋਨ ਨੰਬਰ: | | | |
| ਮੋਬਾਈਲ ਨੰਬਰ: | | | |
| ਟੈਕਸਟਫ਼ੋਨ ਨੰਬਰ: | | | |
| ਈ-ਮੇਲ ਪਤਾ: | | | |

| | | | | | | | | | | |
|---|---|---|---|---|---|---|---|---|---|---|
| ਤੁਹਾਡਾ ਗਾਹਕ ਹਵਾਲਾ ਨੰਬਰ (ਤੁਹਾਡੇ ਪਾਣੀ ਦੇ ਬਿੱਲ 'ਤੇ ਦਿੱਤਾ ਹੁੰਦਾ ਹੈ) | | | | | | | | | | |

| | | | | |
|---|---|---|---|---|
| ਤੁਸੀਂ ਸਾਡੀ ਐਕਸਟਰਾਕੇਅਰ ਬਾਰੇ ਕਿਵੇਂ ਸੁਣਿਆ ਹੈ? | ਪਾਣੀ ਦਾ ਬਿੱਲ | | ਅਖ਼ਬਾਰ/ਰਸਾਲੇ ਵਿਚ ਇਸ਼ਤਿਹਾਰ | |
| | ਭਾਈਚਾਰਕ ਪ੍ਰੋਗਰਾਮ | | ਪੈਸੇ ਬਾਰੇ ਸਲਾਹ ਦੇਣ ਵਾਲਾ ਸੈਂਟਰ/ ਭਾਈਚਾਰਕ ਜਥੇਬੰਦੀ | |
| | ਦੋਸਤ/ਰਿਸ਼ਤੇਦਾਰ | | | |
| ਯਕੀਨੀ ਬਣਾਉਣ ਲਈ ਕਿ ਅਸੀਂ ਤੁਹਾਨੂੰ ਢੁਕਵੀਆਂ ਸੇਵਾਵਾਂ ਲਈ ਰਜਿਸਟਰ ਕਰੀਏ, ਕਿਰਪਾ ਕਰਕੇ ਖਾਨਿਆਂ ਵਿਚ ਦਿਤੇ ਕਿਸੇ 'ਤੇ ਨਿਸ਼ਾਨ ਲਾਓ, ਜੋ ਤੁਹਾਡੀਆਂ ਸਥਿਤੀਆਂ 'ਤੇ ਲਾਗੂ ਹੁੰਦੇ ਹਨ: | ਨੇਤਰਹੀਣ | | ਅਪੰਗ ਜਾਂ ਜ਼ਿਆਦਾ ਤੁਰ-ਫਿਰ ਨਾ ਸਕਣਾ | |
| | ਘੱਟ ਨਜ਼ਰ ਆਉਣਾ | | ਸਿੱਖਣ ਵਿਚ ਪਰੇਸ਼ਾਨੀਆਂ | |
| | ਬੋਲ਼ਾ | | ਘਰ ਵਿਚ ਹੀਮੋ ਡਾਇਲਸਿਸ | |
| | ਘੱਟ ਸੁਣਨਾ | | ਪਾਸਵਰਡ ਸਕੀਮ | |
| | ਗੰਭੀਰ ਮੈਡੀਕਲ ਸਥਿਤੀ (ਕਿਰਪਾ ਕਰਕੇ ਦੱਸੋ) | | | |
| | | | | |
| | ਕੀ ਕੁਝ ਹੋਰ ਹੈ, ਜਿਸ ਬਾਰੇ ਸਾਨੂੰ ਜਾਣਨਾ ਚਾਹੀਦਾ ਹੈ? | | | |
| | | | | |

| | | | | |
|---|---|---|---|---|
| **ਬਿੱਲ ਸੇਵਾਵਾਂ:**<br>ਜੇ ਤੁਹਾਨੂੰ ਤੁਹਾਡੀ ਨਜ਼ਰ ਦੀਆਂ ਸਮਸਿਆਵਾਂ ਹਨ, ਜਾਂ ਸਿੱਖਣ ਵਿਚ ਪਰੇਸ਼ਾਨੀਆਂ ਹਨ, ਤਾਂ ਅਸੀਂ ਤੁਹਾਨੂੰ ਉਸ ਰੂਪ ਵਿਚ ਤੁਹਾਡੇ ਬਿੱਲ ਭੇਜਣ ਵਿਚ ਮਦਦ ਕਰ ਸਕਦੇ ਹਾਂ, ਜੋ ਤੁਹਾਡੇ ਲਈ ਸੌਖਾ ਹੈ। | **ਮੈਂ ਬ੍ਰੇਲ ਵਿਚ ਆਪਣੇ ਬਿੱਲ ਚਾਹਵਾਂਗਾ/ਚਾਹਵਾਂਗੀ** | | **ਮੈਂ ਆਪਣੇ ਬਿੱਲ ਵੱਡੇ ਅੱਖਰਾਂ ਵਿਚ ਚਾਹਵਾਂਗਾ/ਚਾਹਵਾਂਗੀ** | |
| | **ਮੈਂ ਚਾਹਵਾਂਗਾ/ਚਾਹਵਾਂਗੀ ਕਿ ਮੇਰਾ ਬਿੱਲ ਭੇਜਣ ਤੋਂ ਪਹਿਲਾਂ ਤੁਸੀਂ ਮੈਨੂੰ ਕਾੱਲ ਕਰੋ (ਟਾੱਕਿੰਗ ਬਿੱਲ)** | | **ਮੈਂ ਆਪਣੇ ਬਿੱਲ ਹਾਸਲ ਕਰਨ ਲਈ ਇਕ ਦੋਸਤ ਜਾਂ ਰਿਸ਼ਤੇਦਾਰ ਨੂੰ ਨਾਮਜ਼ਦ ਕਰਨਾ ਚਾਹਵਾਂਗਾ/ਚਾਹਵਾਂਗੀ (ਜੇ ਹਾਂ, ਤਾਂ ਕਿਰਪਾ ਕਰਕੇ ਉਹਨਾਂ ਦੇ ਵੇਰਵੇ ਹੇਠਾਂ ਭਰੋ)** | |

| **ਮੇਰੇ ਬਿੱਲ ਹਾਸਲ ਕਰਨ ਲਈ ਨਾਮਜ਼ਦ ਦੋਸਤ ਜਾਂ ਰਿਸ਼ਤੇਦਾਰ** | | | |
|---|---|---|---|
| ਸ੍ਰੀ/ਸ੍ਰੀਮਤੀ/ਕੁਮਾਰੀ/ਮਿਸ: | | ਅਖ਼ੀਰਲਾ ਨਾਂ: | |
| ਪਤਾ: | | | |
| | | | |
| | | | |
| | | | |
| ਪੋਸਟਕੋਡ: | | | |
| ਟੈਲੀਫ਼ੋਨ ਨੰਬਰ: | | | |

| | | |
|---|---|---|
| **ਪਾਸਵਰਡ ਸਕੀਮ:**<br>ਜੇ ਸਾਡੇ ਮੁਲਾਜ਼ਮਾਂ ਵਿਚੋਂ ਇਕ ਨੇ ਤੁਹਾਡੇ ਘਰ ਆਉਣਾ ਹੈ, ਕੀ ਤੁਸੀਂ ਚਾਹੋਗੇ ਹੋ ਕਿ ਅਸੀਂ ਇਕ ਪਾਸਵਰਡ ਦੀ ਵਰਤੋਂ ਕਰੀਏ? | **ਹਾਂ:** | |
| | **ਨਹੀਂ:** | |
| ਜੇ ਹਾਂ, ਤਾਂ ਤੁਸੀਂ ਕਿਹੜਾ ਪਾਸਵਰਡ (12 ਅੱਖਰਾਂ ਤਕ) ਚਾਹੋਗੇ, ਜਿਸ ਦੀ ਅਸੀਂ ਵਰਤੋਂ ਕਰੀਏ? *ਕਿਰਪਾ ਕਰਕੇ ਵੱਡੇ ਅੱਖਰਾਂ ਦੀ ਵਰਤੋਂ ਕਰੋ* | | |

| | | |
|---|---|---|
| **ਕਿਰਪਾ ਕਰਕੇ ਮੈਨੂੰ ਐਕਸਟਰਾਕੇਅਰ ਸਕੀਮ ਵਿਚ ਰਜਿਸਟਰ ਕਰੋ** | **ਦਸਤਖ਼ਤ** | |
| | **ਤਾਰੀਖ਼** | |

**ਯਾਦ ਕਰਾਉਣ ਵਾਲੀ ਮਹੱਤਵਪੂਰਣ ਗੱਲ**

ਕਿਰਪਾ ਕਰਕੇ ਆਪਣੀ ਬਿਜਲੀ ਕੰਪਨੀ ਨਾਲ ਸੰਪਰਕ ਕਰੋ (ਉਸਦਾ ਟੈਲੀਫ਼ੋਨ ਨੰਬਰ ਹਾਲੀਆ ਬਿੱਲ 'ਤੇ ਮਿਲ ਸਕਦਾ ਹੈ) ਅਤੇ ਇਹ ਯਕੀਨੀ ਬਣਾਉਣ ਕਿ ਉਹ ਤੁਹਾਡੀਆਂ ਵਾਧੂ ਲੋੜਾਂ ਤੋਂ ਜਾਣੂ ਹਨ, ਲਈ ਉਸਦੇ ਤਰਜੀਹੀ ਸੇਵਾ ਰਜਿਸਟਰ ਵਿਚ ਰਜਿਸਟਰ ਕਰਨ ਲਈ ਕਹੋ। ਮੰਦਭਾਗੀ ਗੱਲ ਇਹ ਹੈ ਕਿ ਅੰਕੜਾ ਸੁਰੱਖਿਆ ਨੇਮ ਸਾਨੂੰ ਤੁਹਾਡੇ ਵਲੋਂ ਇੰਜ ਕਰਨ ਤੋਂ ਰੋਕਦੇ ਹਨ।



unitedutilities.com

United Utilities Water PLC
Haweswater House
Lingley Mere Business Park
Lingley Green Avenue
Warrington
WA5 3LP

ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ
ਰਜਿਸਟਰਡ ਨੰਬਰ 2366678

01/11/SD/3735b

United Utilities | ਅੱਜ ਸੇਵਾ ਦੇ ਰਹੇ ਹਾਂ, ਭਵਿੱਖ ਦੀ ਉਸਾਰੀ ਲਈ